# ਸੰਯੁਕਤ ਖੇਤੀ ਪ੍ਰਣਾਲੀ ਦੀ ਇੱਕ ਸਫਲ ਉਦਾਹਰਣ: ਸ਼੍ਰੀਮਤੀ ਮੱਸਿਆ ਦੇਵੀ



ਪਰਮਿੰਦਰ ਸਿੰਘ ਸੰਧੂ, ਵਿਵੇਕ ਸ਼ਰਮਾ, ਮਨਮੋਹਨਜੀਤ ਸਿੰਘ,
ਅਬਰਾਰ ਯੂਸਫ਼, ਵਿਜੈ ਕੁਮਾਰ, ਅਨਿਲ ਖੋਖਰ ਅਤੇ ਰਾਕੇਸ਼ ਕੁਮਾਰ ਸ਼ਰਮਾ

ਸਰਬ ਭਾਰਤੀ ਬਰਾਨੀ ਖੇਤੀ ਖੋਜ ਪਰਿਯੋਜਨਾ

**ਖੇਤਰੀ ਖੋਜ ਕੇਂਦਰ**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ

ਬੱਲੋਵਾਲ ਸੌਂਖੜੀ, ਜਿਲਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ-144521

**2019**

ਪੰਜਾਬ ਦੇ ਉੱਤਰ-ਪੂਰਬ ਵਿੱਚ ਸਥਿਤ ਕੰਢੀ ਇਲਾਕਾ ਹੁਸ਼ਿਆਰਪੁਰ, ਪਠਾਨਕੋਟ, ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ ਅਤੇ ਮੁਹਾਲੀ ਜਿਲ੍ਹਿਆਂ ਵਿੱਚ ਵੰਡਿਆ ਹੋਇਆ ਹੈ । ਇਸ ਦੀ ਧਰਾਤਲ ਅਰਧ ਪਹਾੜੀ ਹੈ ਅਤੇ ਖੇਤੀ ਬਾਰਿਸ਼ਾਂ ਉੱਤੇ ਨਿਰਭਰ ਹੈ। ਫਸਲ ਦੀ ਪੈਦਾਵਾਰ ਘੱਟ ਤੇ ਲੋਕਾਂ ਦਾ ਜੀਵਨ ਪੱਧਰ ਮਾੜਾ ਹੈ। ਕੰਢੀ ਦਾ ਇਲਾਕਾ ਬਾਕੀ ਪੰਜਾਬ ਨਾਲੋਂ ਆਪਣੇ ਵਾਤਾਵਰਣ ਦੇ ਕਾਰਨ ਵੱਖਰਾ ਹੈ ਅਤੇ ਇਲਾਕੇ ਦੀਆਂ ਸਮੱਸਿਆਵਾਂ ਬਾਕੀ ਪੰਜਾਬ ਨਾਲੋਂ ਬਿਲਕੁਲ ਅਲੱਗ ਹਨ। ਇਹ ਇਲਾਕਾ ਖੇਤੀ ਉੱਤਪਾਦਨ ਵਿੱਚ ਪੱਛੜਿਆ ਹੋਇਆ ਹੈ। ਫ਼ਸਲ ਦੀ ਸਿੰਚਾਈ ਲਈ ਪਾਣੀ ਦੀ ਘਾਟ, ਜਾਨਵਰਾਂ ਦਾ ਉਜਾੜਾ, ਪੱਥਰੀਲੀਆਂ ਜ਼ਮੀਨਾਂ, ਸਾਧਨਾਂ ਦੀ ਘਾਟ ਤੇ ਭੌਂ ਖੋਰ ਆਦਿ ਇਸ ਇਲਾਕੇ ਦੀਆਂ ਮੁੱਖ ਸਮੱਸਿਆਵਾਂ ਹਨ। ਇਹਨਾਂ ਸਮੱਸਿਆਵਾਂ ਨਾਲ ਨਜਿੱਠਣਾਂ ਇੱਕ ਆਮ ਕਿਸਾਨ ਦੇ ਵੱਸ ਦੀ ਗੱਲ ਨਹੀਂ ਪਰ ਕਈ ਮਿਹਨਤੀ ਕਿਸਾਨ ਜਿੰਦਗੀ ਵਿੱਚ ਕੁਝ ਅਜਿਹਾ ਕਰ ਜਾਂਦੇ ਹਨ ਕਿ ਉਹ ਦੂਸਰਿਆਂ ਲਈ ਇੱਕ ਮੀਲ ਪੱਧਰ ਸਾਬਿਤ ਹੁੰਦੇ ਹਨ। ਅਜਿਹੀ ਹੀ ਇੱਕ ਕਿਸਾਨ ਪਿੰਡ ਬਹਿਨੰਗਲ ਜਿਲ੍ਹਾ ਹੁਸ਼ਿਆਰਪੁਰ ਦੀ ਬੀਬੀ ਮੱਸਿਆ ਦੇਵੀ ਅਤੇ ਉਸਦੇ ਪਤੀ ਸ. ਮਲਕੀਤ ਸਿੰਘ ਹਨ, ਜਿਹਨਾਂ ਉੱਤੇ ਇਹ ਕਹਾਵਤ ਇੰਨ ਬਿੰਨ ਠੀਕ ਬੈਠਦੀ ਹੈ ਕਿ – "ਬੇ-ਹਿੰਮਤੇ ਨੇ ਜੋ ਸ਼ਿਕਵਾ ਕਰਨ ਮੁਕੱਦਰਾਂ ਦਾ, ਉੱਗਣ ਵਾਲੇ ਉੱਗ ਪੈਂਦੇ ਨੇ ਪਾੜ ਕੇ ਸੀਨਾ ਪੱਥਰਾਂ ਦਾ।" ਮੱਸਿਆ ਦੇਵੀ ਦੇ ਖੇਤਾਂ ਵਿੱਚ ਪੱਥਰ ਹੀ ਪੱਥਰ ਹਨ। ਭੌਂ ਖੋਰ, ਜੰਗਲੀ ਜਾਨਵਰਾਂ ਦੁਆਰਾ ਉਜਾੜਾ ਅਤੇ ਸਿੰਚਾਈ ਲਈ ਪਾਣੀ ਨਾ ਹੋਣਾ ਮੁੱਖ ਸਮੱਸਿਆਵਾਂ ਹਨ। ਇਹਨਾਂ ਦਾ ਘਰ ਇੱਕ ਪਹਾੜੀ ਉੱਤੇ ਸਥਿਤ ਹੈ। ਬਰਾਨੀ ਖੇਤੀ ਪਰਿਯੋਜਨਾ – ਓ.ਆਰ.ਪੀ ਸਕੀਮ ਤਹਿਤ ਜਦੋਂ ਇਹ ਕਿਸਾਨ ਕੰਢੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਦੇ ਸੰਪਰਕ ਵਿੱਚ ਆਇਆ ਤਾਂ ਇਸ ਦੀ ਮਿਹਨਤ ਵੇਖਕੇ ਬਹੁਤ ਹੈਰਾਨੀ ਹੋਈ ਕਿ ਕਿਵੇਂ ਇਹ ਥੋੜ੍ਹੀ ਜਿਹੀ ਜਗ੍ਹਾ ਉੱਤੇ ਹੱਥੀਂ ਫੁਹਾਰੇ ਨਾਲ ਪਾਣੀ ਪਾਕੇ ਸਬਜ਼ੀਆਂ ਦੀ ਪਨੀਰੀ ਤਿਆਰ ਕਰਕੇ ਬਜ਼ਾਰ ਵਿੱਚ ਵੇਚਦਾ ਹੈ। ਓ.ਆਰ.ਪੀ ਸਕੀਮ ਤਹਿਤ ਜਦੋਂ ਵੀ ਕੋਈ ਕੈਂਪ ਪਿੰਡ ਵਿੱਚ ਲੱਗਦਾ ਤਾਂ ਇਸ ਕਿਸਾਨ ਨੇ ਵੱਧ ਚੜ੍ਹ ਕੇ ਉਤਸ਼ਾਹ ਨਾਲ ਕੈਂਪ ਵਿੱਚ ਭਾਗ ਲੈਣਾ ਅਤੇ ਹਰ ਕੰਮ ਕੰਢੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਦੀ ਅਗਵਾਈ ਹੇਠ ਸਲਾਹ ਨਾਲ ਕਰਨਾ।

ਨਿਰਦੇਸ਼ਕ ਡਾ. ਮਨਮੋਹਨਜੀਤ ਸਿੰਘ ਜੀ ਨੇ ਅਗਵਾਈ ਕਰਕੇ ਇਸ ਕਿਸਾਨ ਲਈ ਇੱਕ ਮਾਰਗ ਦਰਸ਼ਕ ਦੇ ਤੌਰ ਕੇ ਕੰਮ ਕੀਤਾ ਅਤੇ ਆਪਣੇ ਸਾਇੰਸਦਾਨਾਂ ਦੀ ਮਦਦ ਨਾਲ ਮੱਸਿਆ ਦੇਵੀ ਦੇ ਖੇਤ ਵਿੱਚ ਪਾਣੀ ਦਾ ਸਰੋਤ ਤਿਆਰ ਕਰਵਾਇਆ ਅਤੇ ਇਸ ਨੂੰ ਇੱਕ ਸੰਯੁਕਤ ਖੇਤੀ ਪ੍ਰਣਾਲੀ ਦਾ ਮਾਡਲ ਬਣਾਉਣ ਲਈ ਪ੍ਰੇਰਿਆ। ਮੱਸਿਆ ਦੇਵੀ, ਉਸਦਾ ਪਤੀ ਮਲਕੀਤ ਸਿੰਘ ਅਤੇ ਉਸਦੀਆਂ ਦੋ ਬੇਟੀਆਂ ਅਤੇ ਇੱਕ ਬੇਟਾ ਹੈ ਅਤੇ ਸਾਰਾ ਪਰਿਵਾਰ ਹੀ ਇੰਨ੍ਹਾਂ ਮਿਹਨਤੀ ਹੈ ਕਿ ਕਈ ਵਾਰ ਉਸਦੀਆਂ ਬੇਟੀਆਂ ਜੋ ਐੱਮ.ਏ ਦੀ ਪੜ੍ਹਾਈ ਕਰ ਰਹੀਆਂ ਹਨ ਵੀ ਪੜ੍ਹਾਈ ਦੇ ਨਾਲ –ਨਾਲ ਖੇਤੀ ਦੇ ਕੰਮ ਵਿੱਚ ਹੱਥ ਵਟਾਉਂਦੀਆਂ ਹਨ। ਮੱਸਿਆ ਦੇਵੀ ਕੋਲ ਕੁੱਲ 50 ਕਨਾਲ ਜ਼ਮੀਨ ਹੈ। 30 ਕਨਾਲ ਦੀ ਪਹਾੜੀ ਜ਼ਮੀਨ ਵਿੱਚ ਸਫੈਦੇ ਦੇ ਰੁੱਖ ਲਗਾਏ ਹੋਏ ਹਨ ਅਤੇ 20 ਕਨਾਲ ਵਿੱਚ ਬਰਾਨੀ ਖੇਤੀ ਕੀਤੀ ਜਾਂਦੀ ਹੈ।

**ਬਰਾਨੀ ਹਾਲਤਾਂ ਵਿੱਚ ਸੰਯੁਕਤ ਖੇਤੀ ਪ੍ਰਣਾਲੀ ਦਾ ਮਾਡਲ ਬਣਾਉਣ ਲਈ ਹੇਠ ਲਿਖੇ ਕਾਰਜ ਕੀਤੇ ਗਏ :-**

**ਪਾਣੀ ਦੇ ਸਰੋਤ ਦਾ ਨਿਰਮਾਣ:** ਪਾਣੀ ਕਿੰਨੀ ਜਗ੍ਹਾ ਤੋਂ ਇੱਕਠਾ ਹੋ ਕੇ ਇਸ ਦੇ ਖੇਤ ਵਿੱਚ ਆਉਂਦਾ ਹੈ ਅਤੇ ਕਿੰਨਾ ਖੇਤਰ ਇਸ ਪਾਣੀ ਨਾਲ ਸਿੰਜਣਾ ਹੈ ਇਸ ਸਭ ਨੂੰ ਧਿਆਨ ਵਿੱਚ ਰੱਖ ਕੇ ਹੋਏ 8 ਮੀਟਰ ਲੰਬਾ, 6 ਮੀਟਰ ਚੌੜਾ ਅਤੇ 2 ਮੀਟਰ ਡੂੰਘਾ ਟੋਭਾ ਮੱਸਿਆ ਦੇਵੀ ਦੇ ਖੇਤ ਵਿੱਚ ਤਿਆਰ ਕਰਵਾਇਆ ਗਿਆ। ਇਸ ਟੋਭੇ ਵਿੱਚ 84,000 ਲੀਟਰ ਪਾਣੀ ਸੰਭਾਲਣ ਦੀ ਸਮੱਰਥਾ ਹੈ। ਇਸ ਟੋਭੇ ਵਿੱਚ ਪਾਣੀ ਜੀਰਣ ਤੋਂ ਰੋਕਣ ਲਈ ਪਲਾਸਟਿਕ ਦੀ ਸ਼ੀਟ ਪਾਈ ਗਈ ਤੇ ਉੱਥੋਂ ਖੇਤਾਂ ਵਿੱਚ ਪਾਣੀ ਲਿਜਾਣ ਲਈ ਪਾਈਪ ਲਾਈਨ ਪਾਈ ਗਈ। ਟੋਭੇ ਦੇ ਨਿਰਮਾਣ ਨਾਲ ਮੱਸਿਆ ਦੇਵੀ ਦਾ ਫਾਰਮ ਇੱਕ ਸੰਯੁਕਤ ਖੇਤੀ ਪ੍ਰਣਾਲੀ ਦਾ ਮਾਡਲ ਬਣ ਗਿਆ ਹੈ ਅਤੇ ਸਿੰਚਾਈ ਲਈ ਪਾਣੀ ਦੀ ਵਰਤੋਂ ਕਰਕੇ ਇਸ ਕਿਸਾਨ ਦੀ ਆਮਦਨ ਵਿੱਚ ਬਹੁਤ ਵਾਧਾ ਹੋਇਆ ਹੈ।






**ਸਬਜ਼ੀਆਂ ਦੀ ਕਾਸ਼ਤ:** ਮੱਸਿਆ ਦੇਵੀ ਪਹਿਲਾਂ ਵੀ ਕਿਆਰੀਆਂ ਵਿੱਚ ਥੋੜੀ ਬਹੁਤੀ ਪਨੀਰੀ ਪੈਦਾ ਕਰਕੇ ਵੇਚਦੀ ਸੀ ਪਰ ਪਾਣੀ ਦੀ ਘਾਟ ਹੋਣ ਕਾਰਨ ਇਹ ਸਫਲ ਨਾ ਹੋ ਸਕੀ। ਪਰ ਹੁਣ ਸਬਜ਼ੀਆਂ ਹੇਠ ਰਕਬਾ ਵਧਾ ਦਿੱਤਾ ਗਿਆ ਹੈ। ਟੋਭੇ ਦੇ ਪਾਣੀ ਦੀ ਵਰਤੋਂ ਕਰਕੇ ਸਬਜ਼ੀਆਂ ਦੀ ਕਾਸ਼ਤ ਵਿੱਚ ਅਤੇ ਆਮਦਨ ਵਿੱਚ ਦੋ ਤੋਂ ਤਿੰਨ ਗੁਣਾ ਵਾਧਾ ਹੋਇਆ। ਫੁਹਾਰਾ ਵਿਧੀ ਨਾਲ ਸਬਜ਼ੀਆਂ ਦੀ ਸਿੰਚਾਈ ਕੀਤੀ ਜਾਂਦੀ ਹੈ । ਮਿਰਚਾਂ, ਲੱਸਣ, ਪਿਆਜ਼, ਬੈਂਗਣ ਆਦਿ ਦੀ ਪਨੀਰੀ ਤਿਆਰ ਕਰਕੇ ਲੋਕਲ ਮੰਡੀ ਕਮਾਹੀ ਦੇਵੀ ਅਤੇ ਤਲਵਾੜਾ ਵਿਖੇ ਵੇਚਦੇ ਹਨ। ਇਹਨਾਂ ਦਾ ਮਾਰਕਿਟਿੰਗ ਦਾ ਤਰੀਕਾ ਬਹੁਤ ਵਧੀਆ ਹੈ। ਸਬਜ਼ੀਆ ਦੇ ਬੀਜ ਬਹੁਤ ਮਹਿੰਗੇ ਹੁੰਦੇ ਹਨ। ਇਹ ਬੀਜ ਵਿਕਰੇਤਾ ਤੋਂ ਬੀਜ ਲੈ ਕੇ ਉਹਨਾਂ ਨੂੰ ਹੀ ਪਨੀਰੀ ਵੇਚ ਦਿੰਦੇ ਹਨ ਜੋ ਕਿ ਆਪਣੇ ਬੀਜ ਦੇ ਪੈਸੇ ਕੱਟਣ ਤੋਂ ਬਾਅਦ ਇਹਨਾਂ ਦਾ ਬਣਦਾ ਹਿੱਸਾ ਇਹਨਾਂ ਨੂੰ ਦੇ ਦਿੰਦਾ ਹੈ। ਘਰ ਵੀ ਇਹ ਸਬਜ਼ੀ ਮੁੱਲ ਨਹੀਂ ਲੈਂਦੇ, ਸੋ ਆਮਦਨ ਦੇ ਸਾਧਨ ਦੇ ਨਾਲ ਇਹ ਤਾਜਾ ਸਬਜ਼ੀਆ ਵਰਤਕੇ ਆਪਣੀ ਸਿਹਤ ਖਰਾਬ ਹੋਣ ਤੋਂ ਬਚਾ ਰਹੇ ਹਨ।




**ਫਲਦਾਰ ਬੂਟੇ:** ਮੱਸਿਆ ਦੇਵੀ ਨੇ ਨਿੰਬੂ ਦੇ ਤਕਰੀਬਨ 300 ਬੂਟੇ ਲਗਾਏ ਹੋਏ ਹਨ ਅਤੇ ਮੌਸੰਮੀ, ਸੀਤਾਫਲ, ਗਲਗਲ, ਅਮਰੂਦ, ਜਾਮੁਣ ਅਤੇ ਅੰਬ ਆਦਿ ਦੇ ਫਲਦਾਰ ਬੂਟੇ ਵੀ ਲਗਾਏ ਹਨ। ਟੋਭੇ ਦੇ ਪਾਣੀ ਨਾਲ ਤੁਪਕਾ ਵਿਧੀ ਨਾਲ ਪਾਣੀ ਦੀ ਸਿੰਚਾਈ ਇਹਨਾਂ ਫਲਦਾਰ ਬੂਟਿਆਂ ਨੂੰ ਕੀਤੀ ਜਾਂਦੀ ਹੈ। ਸਾਰੇ ਬੂਟੇ ਹੁਣ ਫਲ ਦੇਣ ਲੱਗ ਪਾਏ ਹਨ ਅਤੇ ਤਕਰੀਬਨ ਹੁਣ ਤੱਕ  ਉਹ ਇੱਕ ਕੁਇੰਟਲ ਦੇ ਕਰੀਬ ਨਿੰਬੂ ਮਾਰਕੀਟ ਵਿੱਚ ਵੇਚ ਚੁੱਕੇ ਹਨ। ਜਾਮੁਣ, ਅਮਰੂਦ ਆਦਿ ਤੋਂ ਆਮਦਨ ਵੀ ਹੋ ਰਹੀ ਹੈ ਅਤੇ ਪਰਿਵਾਰ ਨੂੰ ਪੋਸ਼ਟਿਕ ਖੁਰਾਕ ਵੀ ਮਿਲ ਰਹੀ ਹੈ।

**ਪਸ਼ੂ-ਪਾਲਣ:** ਇਹਨਾਂ ਨੇ ਦੋ ਮੱਝਾਂ ਰੱਖੀਆਂ ਹੋਈਆ ਹਨ। ਜਿਹਨਾਂ ਵਿੱਚੋਂ ਇੱਕ ਦਾ ਦੁੱਧ ਉਹ ਘਰ ਵਰਤਦੇ ਹਨ ਅਤੇ ਇੱਕ ਦਾ ਵੇਚਦੇ ਹਨ। ਖੇਤ ਦੀਆਂ ਵੱਟਾਂ ਉੱਪਰ ਨੇਪੀਅਰ ਬਾਜਰਾ ਲਾਇਆ ਹੋਇਆ ਹੈ, ਜੋ ਭੋ ਖੋਰ ਤੋਂ ਬਚਾਉਂਦਾ ਹੈ ਅਤੇ ਪਸ਼ੂਆਂ ਨੂੰ ਚਾਰਾ ਵੀ ਦਿੰਦਾ ਹੈ। ਪਸ਼ੂਆਂ ਦੇ ਗੋਹੇ ਤੋਂ ਤਿਆਰ ਰੂੜੀ ਨੂੰ ਇਹ ਖੇਤ ਵਿੱਚ ਅਤੇ ਸਬਜ਼ੀਆਂ ਦੀ ਪਨੀਰੀ ਉਗਾਉਣ ਵਿੱਚ ਵਰਤਦੇ ਹਨ, ਜਿਸ ਨਾਲ ਖਰਚਾ ਵੀ ਘਟਦਾ ਹੈ ਅਤੇ ਆਮਦਨ ਵਿੱਚ ਵਾਧਾ ਹੁੰਦਾ ਹੈ, ਉਹ ਤਕਰੀਬਨ 60,000 ਰੁਪੇ ਆਮਦਨ ਸਲਾਨਾ ਦੁੱਧ ਵੇਚ ਕੇ ਕਮਾ ਰਹੇ ਹਨ।

**ਖੁੰਬਾਂ:** ਖੇਤਰੀ ਖੋਜ ਕੇਂਦਰ ਦੀ ਸਹਾਇਤਾ ਨਾਲ 2 ਖੁੰਬਾਂ ਦੇ ਬੈਗਾਂ ਤੋਂ ਸ਼ੁਰੂ ਕੀਤਾ ਕੰਮ ਅੱਜ ਮੱਸਿਆ ਦੇਵੀ 20-25 ਬੈਗਾਂ ਤੱਕ ਲੈ ਗਈ ਹੈ। ਓ.ਆਰ.ਪੀ ਸਕੀਮ ਤਹਿਤ ਮੱਸਿਆ ਦੇਵੀ ਨੇ ਖੁੰਬਾਂ ਦੀ ਕਾਸ਼ਤ ਦੀ ਟਰੇਨਿੰਗ ਲਈ ਅਤੇ ਆਪਣੇ  ਇੱਕ ਡੰਗਰਾਂ ਵਾਲੇ ਕਮਰੇ ਨੂੰ ਖੁੰਬਾਂ ਪੈਦਾ ਕਰਨ ਲਈ ਵਰਤਿਆ। ਪਿਛਲੇ 2 ਸਾਲਾਂ ਤੋਂ ਇਹ ਪਰਿਵਾਰ ਨੂੰ ਪੋਸ਼ਟਿਕ ਭੋਜਨ ਤਾਂ

ਦੇ ਹੀ ਰਹੇ ਹਨ, ਨਾਲ ਹੀ 100-100 ਗ੍ਰਾਮ ਦੇ ਪੈਕਟ ਬਣਾ ਕੇ ਲੋਕਲ ਮਾਰਕਿਟ ਵਿੱਚ ਵੇਚ ਕੇ ਰੋਜ਼ਾਨਾ ਆਮਦਨ ਕਮਾ ਰਹੇ ਹਨ।



**ਫਸਲੀ ਵਿਭਿੰਨਤਾ:** ਮੱਸਿਆ ਦੇਵੀ ਦੇ ਖੇਤਾਂ ਵਿੱਚ ਫਸਲੀ ਵਿਭਿੰਨਤਾ ਬਾਖੂਬੀ ਨਜ਼ਰ ਆਉਂਦੀ ਹੈ। ਉਸਨੇ ਮੱਕੀ, ਬਾਜਰਾ, ਮਾਂਹ, ਸਰ੍ਹੋਂ, ਕਣਕ ਆਦਿ ਦੀਆਂ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕਿਸਮਾਂ ਦੀ ਬਿਜਾਈ ਕਰਕੇ ਵਧੀਆ ਝਾੜ ਪ੍ਰਾਪਤ ਕੀਤਾ ਅਤੇ ਆਪਣੀ ਰੋਜ਼ਾਨਾ ਦੀ ਆਮਦਨ ਵਿੱਚ ਵਾਧਾ ਕੀਤਾ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਮਾਂਹ ਦੀ ਕਿਸਮ ਐੱਸ.ਐੱਮ.ਐੱਲ. 668 ਦੀ ਬਿਜਾਈ ਕਰਕੇ ਪੱਥਰੀਲੀ ਜ਼ਮੀਨ ਦੇ ਬਾਵਜੂਦ ਇਹਨਾਂ 80 ਕਿਲੋਗ੍ਰਾਮ ਮਾਂਹ 2 ਕਨਾਲ ਖੇਤਰ ਵਿੱਚੋਂ ਪੈਦਾ ਕੀਤੇ। ਇਹਨਾਂ ਦੀ ਕੋਸ਼ਿਸ ਹੈ ਕਿ ਇੱਕ ਇੰਚ ਵੀ ਜਗ੍ਹਾ ਖੇਤ ਵਿੱਚ ਖਾਲੀ ਨਾ ਛੱਡੀ ਜਾਵੇ।

**ਜੰਗਲਾਤ:** ਪਹਾੜੀ ਤੇ ਤਕਰੀਬਨ 30 ਕਨਾਲ ਵਿੱਚ ਇਸ ਕਿਸਾਨ ਨੇ ਸਫੈਦੇ ਦੇ ਬੂਟੇ ਲਗਾਏ ਹਨ। ਜਿਸ ਨੂੰ ਇਹਨਾਂ ਇਕੱਲੇ ਇਕੱਲੇ ਬੂਟੇ ਨੂੰ ਹੱਥੀਂ ਪਾਣੀ ਪਾਕੇ ਸ਼ੁਰੂ ਵਿੱਚ ਸੰਭਾਲਿਆ ਹੈ। ਹੁਣ ਤਕਰੀਬਨ 5 ਸਾਲ ਦੇ ਕਰੀਬ ਸਫੈਦੇ ਹੋ ਗਏ ਹਨ ਜੋ ਕਿ ਇਸਦੀ ਆਉਣ ਵਾਲੇ ਸਾਲਾਂ ਵਿੱਚ ਕਮਾਈ ਦਾ ਸਾਧਨ ਬਣਨਗੇ।

**ਦਵਾਈਆਂ ਵਾਲੀ ਫਸਲ ਦੀ ਕਾਸ਼ਤ:** ਚੋਖਲ ਇੱਕ ਅਜਿਹੀ ਫਸਲ ਹੈ ਜੋ ਕਿ ਸਿਰਫ ਇਸ ਖੇਤਰ ਵਿੱਚ ਹੁੰਦੀ ਹੈ। ਬੱਲੋਵਾਲ ਸੌਂਖੜੀ ਦੇ ਸਾਇੰਸਦਾਨਾਂ ਦੀ ਪ੍ਰੇਰਨਾ ਸਦਕਾ ਮੱਸਿਆ ਦੇਵੀ ਨੇ ਚੋਖਲ ਦੀ ਫਸਲ ਦੀ ਸਫਲ ਕਾਸ਼ਤ ਸ਼ੁਰੂ ਕੀਤੀ ਅਤੇ ਹਰ ਸਾਲ 25-30 ਕਿਲੋਗ੍ਰਾਮ ਚੋਖਲ ਪੈਦਾ ਕਰਦੀ ਹੈ। ਜਿਸਦਾ ਮਾਰਕਿਟ ਰੇਟ 500 ਰੁਪਏ ਪ੍ਰਤੀ ਕਿੱਲੋ ਹੈ। ਇਸ ਫਸਲ ਦਾ ਜਾਨਵਰਾਂ ਦੁਆਰਾ ਉਜਾੜਾ ਨਹੀਂ ਹੈ ਅਤੇ ਇਸਨੂੰ ਸਿੰਚਾਈ ਲਈ ਪਾਣੀ ਵੀ ਘੱਟ ਹੀ ਚਾਹੀਦਾ ਹੈ।

ਕੰਢੀ ਖੋਜ ਕੇਂਦਰ ਦੇ ਸਾਇੰਸਦਾਨ ਸਮੇਂ –ਸਮੇਂ ਉੱਤੇ ਮੱਸਿਆ ਦੇਵੀ ਦੇ ਫਾਰਮ ਉੱਤੇ ਜਾਂਦੇ ਰਹਿੰਦੇ ਹਨ ਅਤੇ ਮੱਸਿਆ ਦੇਵੀ ਵੀ ਹਰ ਕੰਮ ਸਲਾਹ ਨਾਲ ਕਰਦੀ ਹੈ ਜਿਵੇਂ ਕਿਸੇ ਬਿਮਾਰੀ ਜਾਂ ਕੀੜੇ ਮਕੌੜੇ ਦੀ ਰੋਕਥਾਮ, ਫਲਦਾਰ ਬੂਟਿਆਂ ਦੀ ਜਾਣਕਾਰੀ ਅਤੇ ਹੋਰ ਨਵੀਂ ਫਸਲਾਂ ਦੀਆ ਕਿਸਮਾਂ ਆਦਿ। ਇਹੀ ਕਾਰਣ ਹੈ ਕਿ ਮੱਸਿਆ ਦੇਵੀ ਦਾ ਫਾਰਮ ਅੱਜ ਇੱਕ ਸੰਯੁਕਤ ਖੇਤੀ ਪ੍ਰਣਾਲੀ ਦਾ ਸਫਲ ਮਾਡਲ ਬਣ ਚੁੱਕਾ ਹੈ। ਇਸੇ ਜਗ੍ਹਾ ਵਿੱਚੋਂ ਹੀ ਮਿਹਨਤ ਕਰਕੇ ਇੰਨ੍ਹਾਂ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦਿੱਤੀ ਹੈ ਅਤੇ ਘਰ ਦਾ ਸਾਰਾ ਖਰਚਾ ਵੀ ਇੱਥੋਂ ਹੀ ਕਰ ਰਹੇ ਹਨ। ਮੱਸਿਆ ਦੇਵੀ ਆਪਣੇ ਪਿੰਡ ਦੀਆਂ ਕਿਸਾਨ ਬੀਬੀਆਂ ਲਈ ਇੱਕ ਮਿਸਾਲ ਹੈ। ਜਿਸ ਨੇ ਪਰਿਵਾਰਕ ਜਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਨਾਲ ਇੱਕ ਸਫਲ ਕਿਸਾਨ ਹੋਣ ਦਾ ਮਾਣ ਹਾਸਿਲ ਕੀਤਾ ਹੈ। ਇਸਦੀ ਇਸ ਮਿਹਨਤ ਨੂੰ ਵੇਖਦੇ ਹੋਏ ਬਰਾਨੀ ਖੇਤੀ ਪਰਿਯੋਜਨਾ ਤਹਿਤ ਓ.ਆਰ.ਪੀ ਸਕੀਮ ਅਧੀਨ ਮੱਸਿਆ ਦੇਵੀ ਨੂੰ ਸੰਨ 2017 ਵਿੱਚ **ਅਕੋਲਾ-ਮਹਾਂਰਾਸ਼ਟਰ** ਵਿਖੇ ਇੱਕ **ਉੱਤਮ ਕਿਸਾਨ** ਵਜੋਂ ਸਨਮਾਨਿਤ ਕੀਤਾ ਗਿਆ। ਜੋ ਸੁਪਨਾ ਮਾਨਯੋਗ ਪ੍ਰਧਾਨ ਮੰਤਰੀ ਜੀ ਵੱਲੋਂ ਕਿਸਾਨਾਂ ਦੀ ਦੁਗਣੀ ਆਮਦਨ ਦਾ ਵੇਖਿਆ ਹੈ ਉਹ ਇਸ ਕਿਸਾਨ ਵੱਲੋਂ ਅਪਣਾਏ ਸੰਯੁਕਤ ਖੇਤੀ ਪ੍ਰਣਾਲੀ ਮਾਡਲ ਨੂੰ ਵੇਖਦੇ ਹੋਏ ਪੂਰਾ ਹੁੰਦਾ ਜਾਪਦਾ ਹੈ। ਆਓ ਕਿਸਾਨ ਵੀਰੋ ਆਪਾਂ ਵੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਯੋਜਨਾਵਾਂ ਅਪਣਾ ਕੇ ਦੱਬ ਕੇ ਮਿਹਨਤ ਕਰੀਏ ਅਤੇ ਖੇਤੀ ਨਾਲ ਹੋਰ ਵੱਖ-ਵੱਖ ਸਹਾਇਕ ਧੰਦੇ ਅਪਣਾ ਕੇ ਆਪਣੀ ਆਮਦਨ ਵਿੱਚ ਵਾਧਾ ਕਰੀਏ।

**ਸੰਯੁਕਤ ਖੇਤੀ ਪ੍ਰਣਾਲੀ ਦਾ ਲਾਭ**

| ਭਾਗ | ਸਲਾਨਾ ਆਮਦਨ ਪਹਿਲਾਂ | ਸਲਾਨਾ ਆਮਦਨ ਸੰਯੁਕਤ ਖੇਤੀ ਮਾਡਲ ਦੌਰਾਨ |
|---|---|---|
| ਫਸਲੀ ਵਿਭਿੰਨਤਾ | 25,200 | 35,750 |
| ਸਬਜ਼ੀਆਂ | 4,900 | 11,500 |
| ਫਲਦਾਰ ਬੂਟੇ | -- | 5,230 |
| ਖੁੰਬਾਂ | -- | 15,00 |
| ਪਸ਼ੂ-ਪਾਲਣ | 45,300 | 67,000 |
| ਚੋਖਲ | -- | 8,500 |
| ਕੁੱਲ | **75,400** | **1,29,480** |